<u>*ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।*</u>

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ, ਚੌਥੀ ਮੰਜ਼ਿਲ,

ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

*(ਸੈਕੰਡਰੀ ਸਿਖਿਆ ਸ਼ਾਖਾ)*

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ)

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪੰਜਾਬ।

ਵਿਸ਼ਾ: ਸ਼ਹੀਦ-ਏ-ਆਜਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2014-15 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2014-15 ਦੌਰਾਨ ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਅਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਲੜਕੇ/ਲੜਕੀਆਂ ਦੇ ਨਾਵਾਂ ਦੀਆਂ ਸਿਫਾਰਸ਼ਾਂ ਸਹਾਇਕ ਡਾਇਰੈਕਟਰ, ਜਿਲ੍ਹਾ ਯੁਵਕ ਕੇਂਦਰ ਦੇ ਦਫਤਰ ਵਿੱਚ ਮਿਤੀ: 30.05.2015 ਤੱਕ ਭੇਜੀਆਂ ਜਾਣ।

ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਯੁਵਾ ਭਵਨ, ਸੈਕਟਰ-42 ਏ ,ਚੰਡੀਗੜ੍ਹ ਤੋਂ ਪ੍ਰਾਪਤ ਪੱਤਰ ਦੀ ਇੱਕ ਕਾਪੀ ਆਪ ਜੀ ਨੂੰ ਅਗਲੇਰੀ ਅਤੇ ਯੋਗ ਕਾਰਵਾਈ ਹਿਤ ਭੇਜੀ ਜਾਂਦੀ ਹੈ।

*ਡਿਪਟੀ ਡਾਇਰੈਕਟਰ (ਸੈ:ਸਿ:)*

**ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਯੁਵਾ ਭਵਨ, ਸੈਕਟਰ-42 ਏ, ਚੰਡੀਗੜ੍ਹ।**

ਸਕੈਂਡਰੀ ਸ਼ਾਖਾ
ਡਾਇਰੀ ਨੰ .1493
ਮਿਤੀ 5/5/15

ਸੇਵਾ ਵਿਖੇ

14569 ...
4/5/15

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।
2. ਡਾਇਰੈਕਟਰ, ਸਿੱਖਿਆ ਵਿਭਾਗ (ਕ) ਪੰਜਾਬ।
3. ਡਾਇਰੈਕਟਰ, ਖੇਡ ਵਿਭਾਗ, ਪੰਜਾਬ।
4. ਡਾਇਰੈਕਟਰ, ਸਿੱਖਿਆ ਵਿਭਾਗ (ਸ) ਪੰਜਾਬ।
5. ਸਮੂਹ ਯੂਨੀਵਰਸਿਟੀਆਂ ਦੇ ਪ੍ਰੋਗਰਾਮ ਕੋਆਰਡੀਨੇਟਰ, ਐਨ.ਐਸ.ਐਸ।
6. ਸਮੂਹ ਯੂਨੀਵਰਸਿਟੀਆਂ ਦੇ ਡਾਇਰੈਕਟਰ, ਯੁਵਕ ਭਲਾਈ।
7. ਰਾਜ ਦੇ ਸਮੂਹ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ।

ਮੀਮੋ ਨੰ: ਡਯਸ(ਕ-4)2015/ 2349-2417
ਮਿਤੀ: 27/4/2015

ਵਿਸ਼ਾ:- **ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2014-15 ਸਬੰਧੀ।**

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਦੇ ਚੋਣਵੇਂ ਨੌਜਵਾਨਾਂ ਨੂੰ ਸਾਲ 2015-16 ਦੌਰਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਦੇਣ ਦੀ ਤਜਵੀਜ਼ ਹੈ।

ਇਹ ਯੁਵਾ ਪੁਰਸਕਾਰ ਉਨ੍ਹਾਂ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ, ਜੋ ਯੁਵਕ ਸਰਗਰਮੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਯੋਗਦਾਨ ਪਾਉਂਦੇ ਹਨ। ਇਸ ਪੁਰਸਕਾਰ ਲਈ ਚੁਣੇ ਹੋਏ ਯੁਵਕ/ਯੁਵਤੀਆਂ ਨੂੰ ਇੱਕ ਮੈਡਲ, ਸਕਰੋਲ, ਸਰਟੀਫਿਕੇਟ ਅਤੇ 20,000/- ਰੁਪਏ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

3. ਇਸ ਪੱਤਰ ਨਾਲ ਆਪ ਜੀ ਨੂੰ ਨਿਰਧਾਰਿਤ ਪ੍ਰੋਫਾਰਮਾ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2014-15 ਦੌਰਾਨ ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਅਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਲੜਕੇ/ਲੜਕੀਆਂ ਦੇ ਨਾਵਾਂ ਦੀਆਂ ਸਿਫਾਰਸ਼ਾਂ ਸਹਾਇਕ ਡਾਇਰੈਕਟਰ, ਜ਼ਿਲ੍ਹਾ ਯੁਵਕ ਕੇਂਦਰ ਦੇ ਦਫਤਰ ਵਿੱਚ ਮਿਤੀ: 30.05.2015 ਤੱਕ ਭੇਜੀਆਂ ਜਾਣ। ਇਹਨਾਂ ਪੁਰਸ਼ਕਾਰਾਂ ਦੀ ਸਿਫਾਰਿਸ਼ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਕੀਤੀ ਜਾਵੇਗੀ, ਜਿਸਦਾ ਸਬੰਧਿਤ ਜਿਲ੍ਹੇ ਦਾ ਡਿਪਟੀ ਕਮਿਸ਼ਨਰ ਚੇਅਰਮੈਨ ਅਤੇ ਸਹਾਇਕ ਡਾਇਰੈਕਟਰ ਇਸ ਦਾ ਮੈਂਬਰ ਸਕੱਤਰ ਹੋਵੇਗਾ। ਜਿਲ੍ਹਾ ਪੱਧਰੀ ਕਮੇਟੀ ਵੱਲੋਂ ਸਿਫਾਰਿਸ਼ ਕੀਤੇ ਨੌਜਵਾਨਾਂ ਦੀਆਂ ਪ੍ਰਾਪਤੀਆਂ ਸਬੰਧੀ ਦੀ ਸ਼ਿਫਾਰਿਸ਼ਾਂ ਮਿਤੀ 15.6.2015 ਤੱਕ ਇਸ ਦਫਤਰ ਵਿਖੇ ਭੇਜੀਆਂ ਜਾਣ, ਤਾਂ ਜ਼ੋ ਰਾਜ ਪੱਧਰੀ ਕਮੇਟੀ ਵੱਲੋਂ ਇਸ ਪੁਰਸਕਾਰ ਲਈ ਯੋਗ ਉਮੀਦਵਾਰਾਂ ਦੀ ਮੈਰਿਟ ਅਨੁਸਾਰ ਚੋਣ ਕੀਤੀ ਜਾ ਸਕੇ। ਇਸ ਤੋਂ ਬਾਅਦ ਪ੍ਰਾਪਤ ਹੋਈਆਂ ਸ਼ਿਫਾਰਸ਼ਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ, ਜੀ।

ਨੱਥੀ/ਉਕਤ ਅਨੁਸਾਰ

ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ।

ਰ. ਹੌਰ
25/4/15

## ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਯੁਵਾ ਭਵਨ, ਸੈਕਟਰ-42 ਏ, ਚੰਡੀਗੜ੍ਹ।

### ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2014-15

1. ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ ਦੁਆਰਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2014-15 ਲਈ ਯੋਗ ਉਮੀਦਵਾਰਾਂ ਤੋਂ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਅਰਜੀਆਂ ਮੰਗੀਆਂ ਜਾਂਦੀਆਂ ਹਨ। ਇਸ ਪੁਰਸਕਾਰ ਲਈ ਚੁਣੇ ਗਏ ਨੌਜਵਾਨਾਂ ਨੂੰ ਇੱਕ ਮੈਡਲ, ਸਕਰੋਲ, ਸਰਟੀਫਿਕੇਟ ਅਤੇ 20,000/- ਰੁਪਏ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਰਾਜ ਯੁਵਾ ਪੁਰਸਕਾਰ ਲਈ ਉਹ ਨੌਜਵਾਨ ਹੀ ਯੋਗ ਹਨ, ਜਿਨ੍ਹਾਂ ਨੇ ਯੁਵਕ ਗਤੀਵਿਧੀਆਂ ਵਿੱਚ ਉੱਘਾ ਅਤੇ ਸ਼ਲਾਘਾਯੋਗ ਕੰਮ ਕੀਤਾ ਹੋਵੇ ਅਤੇ ਪਿਛਲੇ ਸਾਲਾਂ ਤੋਂ ਵੱਖੋ-ਵੱਖ ਯੁਵਕ ਗਤਵਿਧੀਆਂ ਜਿਵੇਂਕਿ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐਨ.ਸੀ.ਸੀ., ਸੱਭਿਆਚਾਰਕ ਗਤੀਵਿਧੀਆਂ, ਪਰਬਤਾ-ਰੋਹਣ, ਹਾਈਕਿੰਗ-ਟਰੈਕਿੰਗ, ਖੇਡਾਂ, ਸਮਾਜ-ਸੇਵਾ, ਰਾਸ਼ਟਰੀ-ਏਕਤਾ, ਖੂਨ-ਦਾਨ, ਨਸ਼ਿਆਂ ਵਿਰੁੱਧ ਜਾਗਰੁਕਤਾ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਆਦਿ ਵਿੱਚ ਹਿੱਸਾ ਲੈਂਦਾ ਰਿਹਾ ਹੋਵੇ।

2. ਇਸ ਪੁਰਸਕਾਰ ਲਈ ਨਿਰਧਾਰਿਤ ਪ੍ਰੋਫਾਰਮਾ ਜ਼ਿਲ੍ਹਾ ਪੱਧਰ ਤੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਦੇ ਦਫਤਰ ਜਾਂ ਮੁੱਖ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

### ਯੋਗਤਾਵਾਂ:

1. ਇਹ ਪੁਰਸਕਾਰ ਪੰਜਾਬ ਦੇ ਨੌਜਵਾਨਾਂ ਲਈ ਹੈ।

2. ਉਮੀਦਵਾਰ ਦੀ ਉਮਰ ਮਿਤੀ 1.4.2014 ਨੂੰ 15 ਸਾਲ ਤੋਂ ਘੱਟ ਅਤੇ ਮਿਤੀ 31.3.2015 ਨੂੰ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

3. ਉਮੀਦਵਾਰ ਯੁਵਕ ਭਲਾਈ ਗਤੀਵਿਧੀਆਂ/ਸਮਾਜ ਸੇਵਾ ਵਿੱਚ ਸ਼ਾਮਿਲ ਹੁੰਦਾ ਰਿਹਾ ਹੋਵੇ ਅਤੇ ਪੁਰਸਕਾਰ ਪ੍ਰਾਪਤ ਹੋਣ ਉਪਰੰਤ ਵੀ 2 ਸਾਲ ਬਾਅਦ ਇਨ੍ਹਾਂ ਗਤੀਵਿਧੀਆਂ ਨੂੰ ਚਾਲੂ ਰੱਖਣ ਦਾ ਇੱਛੁਕ ਹੋਵੇ।

4. ਉਸ ਵੱਲੋਂ ਕੀਤੀਆਂ ਗਤੀਵਿਧੀਆਂ/ਸਮਾਜ ਸੇਵਾ ਅਤੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਈ ਹੋਣੀਆਂ ਚਾਹੀਦੀਆਂ ਹਨ।

5. ਇਸ ਪੁਰਸਕਾਰ ਲਈ ਚੋਣ ਉਸ ਦੀ ਸਮਾਜ ਸੁਧਾਰ ਵਿੱਚ ਵਾਸਤਵਿਕ ਇੱਛਾ ਅਤੇ ਪ੍ਰਤੀਨਿਧਤਾ ਦੇ ਆਧਾਰ ਤੇ ਕੀਤੀ ਜਾਵੇ।

6. ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਅਨੁਸੂਚਿਤ ਜਾਤੀ ਵਰਗ ਦੇ ਯੁਵਕ/ਯੁਵਤੀਆਂ ਨੂੰ ਯੋਗ ਪ੍ਰਤੀਨਿਧਤਾ ਦਿੱਤੀ ਜਾਵੇ।

7. ਇਸ ਪੁਰਸਕਾਰ ਲਈ ਯੋਗ ਉਮੀਦਵਾਰ ਆਪਣੀਆਂ ਅਰਜੀਆਂ ਅਤੇ ਪ੍ਰਾਪਤੀਆਂ ਸਬੰਧੀ ਆਪਣੀ ਪ੍ਰਤੀ-ਬੇਨਤੀ (ਦਸਤਾਵੇਜ) ਦੀ ਫਾਇਲ ਸਬੰਧਿਤ ਜ਼ਿਲ੍ਹੇ ਦੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫਤਰ ਵਿੱਚ 15.06.2015 ਤੱਕ ਭੇਜ ਸਕਦੇ ਹਨ।

ਸਹੀ/-
ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ
## ਸਾਲ-2011-12 ਲਈ ਨਿਰਧਾਰਿਤ ਪ੍ਰੋਫਾਰਮਾ

1. ਬਿਨੈਕਾਰ ਦਾ ਨਾਂ: ------------------------------

2. ਪਿਤਾ ਦਾ ਨਾਂ: ------------------------------

3. ਪੱਕਾ ਰਿਹਾਇਸ਼ੀ ਪਤਾ: ------------------------------

------------------------------

------------------------------

4. ਜਨਮ ਮਿਤੀ: ------------------------------

5. ਉਮਰ ਮਿਤੀ: ----ਨੂੰ----ਸਾਲ----ਮਹੀਨੇ----ਦਿਨ---

6. ਕੀ ਤੁਸੀਂ ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਨਾਲ ਸਬੰਧਿਤ ਹੋ? ਜ਼ੇਕਰ ਹੋਵੋ, ਤਾਂ ਸਬੂਤ ਵੱਜੋਂ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਲਗਾਈ ਜਾਵੇ। ------------------------------

7. ਕੀ ਤੁਸੀਂ ਸ਼ਹਿਰੀ ਹੋ ਜਾਂ ਪੇਂਡੂ ਇਲਾਕੇ ਦੇ ਰਹਿਣ ਵਾਲੇ ਹੋ? ------------------------------

8. ਕਿੱਤਾ ------------------------------

9. ਪ੍ਰਾਪਤੀਆਂ ਦਾ ਵੇਰਵਾ:-

| ਲੜੀ ਨੰ: | ਗਤੀਵਿਧੀਆਂ | ਵੱਧ ਤੋਂ ਵੱਧ ਪ੍ਰਾਪਤੀਆਂ/ਟੀਚਾ |
|---|---|---|
| 1. | | |
| ੳ) | ਪੇਂਡੂ ਵਿਕਾਸ ਕੈਂਪ | ------------------------------ |
| ਅ) | ਯੁਵਕ ਸਿਖਲਾਈ ਕੈਂਪ | ------------------------------ |
| ੲ) | ਖੂਨਦਾਨ ਕੈਂਪ | ------------------------------ |
| ਸ) | ਯੁਵਕ ਮੇਲੇ | ------------------------------ |
| ਹ) | ਸੱਭਿਆਚਾਰਕ/ਸਿੱਖਿਅਕ ਦੌਰੇ/ਟਰਿਪ | ------------------------------ |
| ਕ) | ਮਾਊਂਟੇਨਰਿੰਗ | ------------------------------ |
| ਖ) | ਹਾਈਕਿੰਗ-ਟਰੈਕਿੰਗ | ------------------------------ |
| ਗ) | ਅੰਤਰ-ਰਾਜੀ ਦੌਰੇ/ਸੱਭਿਆਚਾਰਕ ਵਿਚਾਰ-ਵਟਾਂਦਰਾ ਪ੍ਰੋਗਰਾਮ | ------------------------------ |
| ਘ) | ਅਧਿਆਪਕ ਸਿਖਲਾਈ ਕੈਂਪ | ------------------------------ |

2. ਖੇਡਾਂ ------------------------------

3. ਐਨ.ਸੀ.ਸੀ. ------------------------------

4. ਵਿੱਦਿਅਕ ਪ੍ਰਾਪਤੀਆਂ ------------------------------

5. ਕੌਮੀ ਏਕਤਾ ਕੈਂਪ ਬਹਾਦਰੀ ਕਾਰਨਾਮੇ ------------------------------

6. ਸਾਹਸੀ ਕਾਰਨਾਮੇ ------------------------------

7. ਕੌਮੀ ਸੇਵਾ ਯੋਜਨਾ ------------------------------

8. ਸਕਾਊਟਿੰਗ/ਗਾਈਡਿੰਗ ------------------------------

9. ਸਮਾਜ ਸੇਵਾ ਵਿੱਚ ਯੋਗਦਾਨ ------------------------------

10. ਸਾਹਸੀ ਗਤੀਵਿਧੀਆ ਜਿਵੇਂ ਹੈਂਡ ਗਲਾਈਡਿੰਗ ਜਾਂ ਹੋਰ ਗਤੀਵਿਧੀਆਂ ਜਿਹੜੀਆਂ ਪਾਣੀ ਧਰਤੀ ਜਾਂ ਹਵਾ ਉੱਪਰ ਹੋਣ ------------------------------

11. ਫੁੱਟਕਲ ਗਤੀਵਿਧੀਆਂ ਜੇਕਰ ਕੋਈ ਹੋਣ ------------------------------

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤਾ ਗਿਆ ਵੇਰਵਾ ਮੇਰੀ ਜਾਣਕਾਰੀ ਅਨੁਸਾਰ ਬਿਲਕੁੱਲ ਠੀਕ ਤੇ ਸਹੀ ਹੈ। ਇਸ ਵੇਰਵੇ ਵਿੱਚ ਕੋਈ ਸੂਚਨਾ ਜੇਕਰ ਗਲਤ ਸਾਬਤ ਹੋਵੇ, ਤਾਂ ਮੇਰਾ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇ।

(ਉਮੀਦਵਾਰ ਦੇ ਹਸਤਾਖਰ)

ਜ਼ਰੂਰੀ ਸੂਚਨਾਂ:

1. ਇਸ ਯੁਵਾ ਪੁਰਸਕਾਰ ਲਈ ਨਿਰਧਾਰਿਤ ਜ਼ਿਲ੍ਹਾ ਚੋਣ ਕਮੇਟੀ ਰਾਹੀਂ ਸਿਫਾਰਸ਼ ਕੀਤੀਆਂ ਅਰਜ਼ੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ।
2. ਜੇਕਰ ਉਮੀਦਵਾਰ ਦੁਆਰਾ ਕੋਈ ਗਲਤ ਸੂਚਨਾ ਜਾਂ ਸਰਟੀਫਿਕੇਟ ਦਿੱਤਾ ਜਾਂਦਾ ਹੈ, ਤਾਂ ਉਸ ਦਾ ਪੁਰਸਕਾਰ ਆਯੋਗ ਕਰਾਰ ਦਿੱਤਾ ਜਾ ਸਕਦਾ ਹੈ।
3. ਜੇਕਰ ਲੋੜ ਪਵੇ, ਤਾਂ ਗਤੀਵਿਧੀਆਂ ਦੀ ਸੂਚੀ ਜੋ ਪ੍ਰੋਫਾਰਮੇਂ ਵਿੱਚ ਕਵਰ ਨਾ ਹੁੰਦੀ ਹੋਵੇ, ਵੱਖਰੇ ਤੌਰ ਤੇ ਲਗਾਈ ਜਾ ਸਕਦੀ ਹੈ।
4. ਉਮੀਦਵਾਰ ਵੱਲੋਂ ਪਿਛਲੇ 3 ਸਾਲਾਂ ਦੌਰਾਨ ਕੀਤੀਆਂ ਯੁਵਕ ਗਤੀਵਿਧੀਆਂ/ਸਮਾਜ ਸੇਵਾ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਉਹ ਆਉਣ ਵਾਲੇ ਸਾਲਾਂ ਵਿੱਚ ਵੀ ਯੁਵਕ ਗਤੀਵਿਧੀਆਂ/ਸਮਾਜ ਸੇਵਾ ਵਿੱਚ ਰੁਚੀ ਰੱਖਦਾ/ਰੱਖਦੀ ਹੋਵੇ।
5. ਯੁਵਕ ਗਤੀਵਿਧੀਆਂ ਸਬੰਧੀ ਸਵੈ ਤਸਦੀਕ ਸਰਟੀਫਿਕੇਟ/ਦਸਤਾਵੇਜਾਂ ਦੀਆਂ ਫੋਟੋਕਾਪੀਆਂ ਨਾਲ ਨੱਥੀ ਕੀਤੀਆ ਜਾਣ। ਦਸਤਾਵੇਜ਼ ਨਾ ਲਗਾਉਣ ਦੀ ਸੂਰਤ ਵਿੱਚ ਅਰਜੀ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।
6. ਉਮੀਦਵਾਰ ਬਿਨੈ-ਪੱਤਰ ਨਾਲ ਲੱਗਭਗ 200 ਸ਼ਬਦਾਂ ਦਾ ਗਤੀਵਿਧੀਆਂ ਸਬੰਧੀ ਨਿੱਜੀ ਬਿਓਰਾ ਨੱਥੀ ਕਰੇਗਾ।